## ਜ਼ਰੂਰੀ ਸਰਵਜਨਕ ਸੂਚਨਾ।

### ਲਾਇਸੰਸ ਵਿਭਾਗ, ਨਗਰ ਨਿਗਮ, ਅੰਮ੍ਰਿਤਸਰ।

ਨਗਰ ਨਿਗਮ, ਅੰਮ੍ਰਿਤਸਰ ਦੀ ਹੱਦੂਦ ਦੇ ਅੰਦਰ ਚਲਣ ਵਾਲੇ ਕਾਰਖਾਨੇ, ਵਰਕਸ਼ਾਪ, ਮੈਰਿਜ ਪੈਲਸ, ਹੋਟਲ, ਗੈਸਟ ਹਾਊਸ, ਰੈਸਟੋਰੈਂਟ, ਟੈਂਟ ਹਾਊਸ, ਸਟੋਰ, ਗੋਦਾਮ, ਟ੍ਰੇਡਿੰਗ ਹਾਊਸ, ਰਿਪੇਅਰ ਹਾਊਸ, ਹਰ ਕਿਸਮ ਦੀ ਦੁਕਾਨ ਅਤੇ ਹਰ ਪ੍ਰਕਾਰ ਦੇ ਕਾਰੋਬਾਰ ਕਰਨ ਵਾਲਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਨ੍ਹਾਂ ਲਈ ਪੰਜਾਬ ਨਗਰ ਨਿਗਮ ਐਕਟ, 1976 ਦੀ ਧਾਰਾ 343(1) ਅਧੀਨ ਲਾਇਸੰਸ ਲੈਣਾ ਅਤੇ ਹਰ ਸਾਲ ਨਿਰਧਾਰਤ ਲਾਇਸੰਸ ਫੀਸ ਜਮ੍ਹਾਂ ਕਰਵਾ ਕੇ ਲਾਇਸੰਸ ਰਨਿਊ ਕਰਾਉਣਾ ਅਤਿ ਜ਼ਰੂਰੀ ਹੈ।

ਸਾਲ 2019-2020 ਲਈ ਲਾਇਸੰਸ ਫੀਸ ਅਡਵਾਂਸ ਤੋਰ ਤੇ ਮਿਤੀ 01-03-2019 ਤੋ 31-03-19 ਤੱਕ 10 ਪ੍ਰਤੀਸ਼ਤ ਰਿਬੇਟ ਦੇ ਨਾਲ ਅਤੇ ਮਿਤੀ 01-4-2019 ਤੂੰ 30-4-2019 ਤੱਕ ਬਿਨ੍ਹਾਂ ਲੇਟ ਫੀਸ ਦੇ ਜਮ੍ਹਾਂ ਕਰਵਾਈ ਜਾ ਸਕਦੀ ਹੈ। ਇਹ ਫੀਸ ਹਰ ਇਕ ਅਤੇ ਵਪਾਰਿਕ ਅਦਾਰੇ ਲਈ ਅਤਿ ਜਰੂਰੀ ਹੈ ਅਤੇ ਸਮੂਹ ਵਪਾਰਿਕ ਅਦਾਰਿਆਂ ਦੇ ਮਾਲਕਾਂ ਵਲੋ ਜੋ ਲਾਇਸੰਸ ਦੇ ਨਵੀਕਰਣ ਲਈ ਪਿੱਛਲੇ ਸਾਲ ਲਾਇਸੰਸ਼ ਫੀਸ ਜਮ੍ਹਾਂ ਕਰਵਾਈ ਹੈ, ਉਸ ਲਾਇਸੰਸ ਫੀਸ ਦੀ ਰਸੀਦ ਦਿਖਾਣੀ ਜਰੂਰੀ ਹੈ। ਇਹ ਵੀ ਜਰੂਰੀ ਹੈ ਕਿ ਹਰ ਇਕ ਅਦਾਰਾ ਆਪਣੇ ਅਦਾਰੇ ਅੰਦਰ ਇਹ ਰਸੀਦ ਲਗਾ ਕੇ (ਡਿਸਪਲੇ) ਰਖੇਗਾ। ਜਿਨ੍ਹਾਂ ਵਪਾਰਿਕ ਅਦਾਰਿਆਂ ਦੇ ਮਾਲਕਾਂ ਨੇ ਅਜੇ ਤੱਕ ਪੰਜਾਬ, ਨਗਰ ਨਿਗਮ ਐਕਟ 1976 ਦੀ ਧਾਰਾ 343(1) ਤਹਿਤ ਲਾਇਸੰਸ ਨਹੀ ਬਨਵਾਏ, ਉਹ ਵੀ ਨਿਯਮਾਂ ਤਹਿਤ ਮਿਥੇ ਸਮੇ ਵਿਚ ਲਾਇਸੰਸ ਬਨਵਾਉਣ। ਜਿਹੜੇ ਅਦਾਰਿਆਂ ਦੇ ਮਾਲਕ ਉਕਤ ਅਨੁਸਾਰ ਮਿਥੇ ਸਮੇ ਵਿੱਚ ਲਾਇਸੰਸ ਰੀਨਿਊ ਨਹੀ ਕਰਾਉਦੇ, ਉਨ੍ਹਾਂ ਪਾਸੋ ਮਿਤੀ 1-5-2019 ਤੋ 30-06-2019 ਤੱਕ 25 ਪ੍ਰਤੀਸ਼ਤ, ਮਿਤੀ 01-07-20219 ਤੋ 30-09-2019 ਤੱਕ 50 ਪ੍ਰਤੀਸ਼ਤ ਅਤੇ ਮਿਤੀ 01-10-2019 ਦੇ ਬਾਅਦ, 100 ਪ੍ਰਤੀਸ਼ਤ ਲੇਟ ਫੀਸ ਦੇ ਨਾਲ ਲਾਇਸੰਸ ਫੀਸ ਲਈ ਜਾਵੇਗੀ। ਲਾਇਸੰਸ ਫੀਸ ਜਮ੍ਹਾਂ ਕਰਵਾਉਣਾ ਹਰ ਇੱਕ ਕਾਰੋਬਾਰ ਕਰਨ ਵਾਲੇ ਦੀ ਨਿੱਜੀ ਜਿੰਮੇਵਾਰੀ ਹੈ। ਨਗਰ ਨਿਗਮ ਤੋ ਬਿਨ੍ਹਾਂ ਲਾਇਸੰਸ ਲਏ, ਕਾਰੋਬਾਰ ਕਰਨਾ ਪੰਜਾਬ ਨਗਰ ਨਿਗਮ ਐਕਟ-1976 ਦੀ ਧਾਰਾ 343(1) ਦੀ ਸਰਾ ਸਰ ਉਲਘੰਣਾ ਹੈ।

ਇਸ ਲਈ ਨਗਰ ਨਿਗਮ, ਅੰਮ੍ਰਿਤਸਰ ਦੀ ਹਦੂਦ ਅੰਦਰ ਕਾਰੋਬਾਰ ਕਰ ਰਹੇ ਵਪਾਰਿਕ ਅਦਾਰਿਆਂ ਦੇ ਮਾਲਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਰਣਜੀਤ ਐਵੇਨਿਊ, ਬੀ ਬਲਾਕ ਵਿਖੇ ਸਥਿਤ ਨਗਰ ਨਿਗਮ, ਅੰਮ੍ਰਿਤਸਰ ਦੇ ਦਫਤਰ ਅਤੇ ਸਬੰਧਤ ਜੋਨਲ ਦਫਤਰਾਂ ਵਿਚ ਜਾ ਕੇ ਕੰਮ ਕਾਜ ਵਾਲੇ ਦਿਨ ਆਪਣੇ ਲਾਇਸੰਸ ਰਨਿਊ ਕਰਾਉਣ। ਜਿਨ੍ਹਾਂ ਵਪਾਰਿਕ ਅਦਾਰਿਆ ਦੇ ਮਾਲਕਾਂ ਵਲੋ ਪੰਜਾਬ ਨਗਰ ਨਿਗਮ ਐਕਟ-1976 ਦੀ ਧਾਰਾ 343(1) ਤਹਿਤ ਲਾਇਸੰਸ ਨਹੀ ਲਿਆ, ਉਹ ਆਪਣੇ ਅਦਾਰਿਆਂ ਦੇ ਲਾਇਸੰਸ ਤੁਰੰਤ ਬਣਵਾਉਣ। ਬਿਨ੍ਹਾਂ ਲਾਇਸੰਸ ਕਾਰੋਬਾਰ ਕੱਰਨ ਵਾਲੇ ਅਦਾਰਿਆਂ ਦੇ ਮਾਲਕਾਂ ਵਿਰੁੱਧ ਪੰਜਾਬ ਨਗਰ ਨਿਗਮ ਐਕਟ-1976 ਦੀ ਉਕਤ ਧਾਰਾ ਤਹਿਤ ਉਨ੍ਹਾਂ ਦਾ ਅਦਾਰਾ ਬੰਦ/ਸੀਲ ਕਰਨ ਦੀ ਕਾਰਵਾਈ ਕੀਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਕਿਸੇ ਵੀ ਕੰਮ-ਕਾਜ ਵਾਲੇ ਦਿਨ, ਨਗਰ ਨਿਗਮ, ਅੰਮ੍ਰਿਤਸਰ ਦੇ ਜੋਨਲ ਦਫਤਰਾਂ ਜਾ ਲਾਇਸੰਸ ਵਿਭਾਗ ਵਿਚ ਜਾ ਕੇ ਸੰਪਰਕ ਕੀਤਾ ਜਾ ਸਕਦਾ ਹੈ ਹੈ।

ਸਕੱਤਰ (ਲਾਇਸੰਸ)
ਨਗਰ ਨਿਗਮ, ਅੰਮ੍ਰਿਤਸਰ.